ਇਸ ਪਾਲਸੀ ਵਿੱਚ, ਨਿਵੇਸ਼-ਸੂਚੀ ਵਿੱਚ ਨਿਵੇਸ਼ ਕਰਨ ਦਾ ਜੋਖਮ ਪਾਲਸੀਧਾਰਕ ਦੁਆਰਾ ਝੱਲਿਆ ਜਾਂਦਾ ਹੈ।

"ਯੂਨਿਟ ਲਿੰਕਡ ਬੀਮਾ ਪ੍ਰੋਡਕਟ ਇਕਰਾਰਨਾਮੇ ਦੇ ਪਹਿਲੇ ਪੰਜ ਸਾਲਾਂ ਦੌਰਾਨ ਪੈਸੇ ਕਢਵਾਉਣ ਦੀ ਸਹੂਲਤ ਨਹੀਂ ਦਿੰਦੇ। ਪਾਲਸੀਧਾਰਕ ਯੂਨਿਟ ਲਿੰਕਡ ਬੀਮਾ ਪ੍ਰੋਡਕਟਾਂ ਵਿੱਚ ਨਿਵੇਸ਼ ਕੀਤੇ ਪੈਸੇ ਪੰਜਵੇਂ ਸਾਲ ਦੇ ਅੰਤ ਤਕ ਪੂਰੀ ਤਰ੍ਹਾਂ ਜਾਂ ਆਂਸ਼ਿਕ ਰੂਪ ਵਿੱਚ ਸਮਰਪਣ ਨਹੀਂ ਕਰ ਸਕਦੇ/ਕਢਵਾ ਨਹੀਂ ਸਕਦੇ।"

## ਕਿਉਂ ਐਸਬੀਆਈ ਲਾਈਫ਼ – ਸਮਾਰਟ ਪਾਵਰ ਇੰਸ਼ੋਰੈਂਸ?

ਐਸਬੀਆਈ ਲਾਈਫ਼ – ਸਮਾਰਟ ਪਾਵਰ ਇੰਸ਼ੋਰੈਂਸ ਦੋ ਫ਼ੰਡ ਵਿਕਲਪ ਦਿੰਦਾ ਹੈ, ਜੋ ਤੁਹਾਨੂੰ ਆਪਣੀ ਮਰਜ਼ੀ ਅਨੁਸਾਰ ਸਰਗਰਮੀ ਨਾਲ ਆਪਣੇ ਨਿਵੇਸ਼ਾਂ ਦਾ ਪ੍ਰਬੰਧ ਕਰਨ ਜਾਂ ਬਾਜ਼ਾਰ ਦੇ ਉਤਾਰ-ਚੜ੍ਹਾਵਾਂ ਤੋਂ ਤੁਹਾਡੀ ਨਿਵੇਸ਼ ਦੀ ਸੂਚੀ ਨੂੰ ਸੰਤੁਲਿਤ ਕਰਨ ਲਈ ਸਾਡੀ ਮਹਾਰਤ ਦਾ ਲਾਭ ਉਠਾਉਣ ਦੀ ਆਜ਼ਾਦੀ ਦਿੰਦਾ ਹੈ। ਐਸਬੀਆਈ ਲਾਈਫ਼ – ਸਮਾਰਟ ਪਾਵਰ ਇੰਸ਼ੋਰੈਂਸ ਇੱਕ ਵਿਅਕਤੀਗਤ, ਯੂਨਿਟ-ਲਿੰਕਡ, ਨੌਨ-ਪਾਰਟੀਸਿਪੇਟਿੰਗ ਲਾਈਫ਼ ਇੰਸ਼ੋਰੈਂਸ ਪ੍ਰੋਡਕਟ ਹੈ।

## ਮੁੱਖ ਖ਼ੂਬੀਆਂ


- **ਸੁਰੱਖਿਆ** : ਇਹਨਾਂ ਦੋ ਪਲਾਨ ਵਿਕਲਪਾਂ ਵਿੱਚੋਂ ਚੁਣੋ :
  - **ਲੈਵਲ ਕਵਰ ਦਾ ਵਿਕਲਪ** – ਸ਼ੁਰੂਆਤ ਵਿੱਚ ਚੁਣੀ ਬੀਮੇ ਦੀ ਰਕਮ ਪਾਲਸੀ ਦੀ ਪੂਰੀ ਮਿਆਦ ਦੌਰਾਨ ਓਨੀ ਹੀ ਰਹਿੰਦੀ ਹੈ।
  - **ਵੱਧਦੇ ਹੋਏ ਕਵਰ ਦਾ ਵਿਕਲਪ** – ਬੀਮੇ ਦੀ ਸ਼ੁਰੂਆਤੀ ਰਕਮ 6ਵੇਂ ਪਾਲਸੀ ਸਾਲ ਤੋਂ ਅਤੇ ਉਸ ਤੋਂ ਬਾਅਦ ਹਰ 5 ਸਾਲਾਂ ਬਾਅਦ ਬਿਨਾਂ ਕਿਸੇ ਵਧੀਕ ਅੰਡਰਰਾਈਟਿੰਗ ਦੇ 10% ਵਧਦੀ ਹੈ।
- **ਇਨ-ਬਿਲਟ ਐਕਸੇਲਰੇਟੇਡ ਟੋਟਲ ਐਂਡ ਪਰਮਾਨੈਂਟ ਡਿਸੇਬਿਲਿਟੀ (ਟੀਪੀਡੀ) ਬੈਨੀਫ਼ਿਟ** : ਪਾਲਸੀ ਬੈਨੀਫ਼ਿਟ ਨੂੰ ਆਪਣਾ ਵਰਤਮਾਨ ਲਾਭ ਬਣਾਉਣ ਲਈ ਵਧਾਉਣ ਦੀ ਸਹੂਲਤ।
- **ਸਹੂਲਤ** : ਹੇਠਾਂ ਲਿਖੇ ਪ੍ਰੋਡਕਟ ਅਧੀਨ ਮੁਹਈਆ ਹਨ :
  - **ਇਹਨਾਂ ਦੋ ਫ਼ੰਡ ਵਿਕਲਪਾਂ ਵਿੱਚੋਂ ਚੁਣੋ** –
    1. **ਟ੍ਰਿਗਰ ਫ਼ੰਡ ਵਿਕਲਪ** – 'ਘੱਟ ਵਿੱਚ ਖ਼ਰੀਦਣ ਅਤੇ ਵੱਧ ਵਿੱਚ ਵੇਚਣ' ਦਾ ਲਾਭ
    2. **ਸਮਾਰਟ ਫ਼ੰਡਜ਼ ਵਿਕਲਪ** – 10 ਵਿਭਿੰਨ ਫ਼ੰਡਾਂ ਵਿੱਚੋਂ ਚੁਣਨ ਦਾ ਵਿਕਲਪ
  - **ਪੋਰਟਫੋਲੀਓ ਹਸਤਾਂਤਰਣ ਵਿਕਲਪ** – ਚੁਣਿਆ ਹੋਇਆ ਫ਼ੰਡ ਵਿਕਲਪ ਬਦਲੋ – ਟ੍ਰਿਗਰ ਫ਼ੰਡ ਜਾਂ ਸਮਾਰਟ ਫ਼ੰਡ, ਪਾਲਸੀ ਦੀ ਕਿਸੇ ਵੀ ਵਰ੍ਹੇ-ਗੰਢ ਤੇ।
- **ਨਗਦ ਪ੍ਰਾਪਤ ਕਰੋ** : ਪਾਲਸੀ ਦੇ 6ਵੇਂ ਸਾਲ ਤੋਂ ਅੱਗੇ ਆਂਸ਼ਿਕ ਪੈਸੇ ਕਢਵਾ ਕੇ ਅਣਚਿਤਵੇ ਖ਼ਰਚੇ ਪੂਰੇ ਕੀਤੇ ਜਾਂਦੇ ਹਨ।

## ਉਦਾਹਰਣ

| ਸ਼੍ਰੀ ਰਾਮ ਨੇ ਐਸਬੀਆਈ ਲਾਈਫ਼ – ਸਮਾਰਟ ਪਾਵਰ ਇੰਸ਼ੋਰੈਂਸ ਪਾਲਸੀ ਦੇ ਅਧੀਨ ਲੇਵਲ ਕਵਰ ਵਿਕਲਪ ਲਿਆ ਹੈ। ਵੇਰਵੇ ਹੇਠਾਂ ਲਿਖੇ ਅਨੁਸਾਰ ਹਨ : | | |
|---|---|---|
| **ਬੀਮੇ ਵਾਲੇ ਵਿਅਕਤੀ ਦੀ ਉਮਰ** :<br>35 ਸਾਲ | **ਪ੍ਰੀਮੀਅਮ ਦਾ ਵਕਫ਼ਾ** :<br>ਸਾਲਾਨਾ | **ਪਾਲਸੀ ਦੀ ਮਿਆਦ** :<br>20 ਸਾਲ |
| **ਬੀਮੇ ਦੀ ਰਕਮ** :<br>₹ 10,00,000 ਸਾਲਾਨਾ | **ਸਾਲਾਨਾ ਪ੍ਰੀਮੀਅਮ** :<br>₹ 1,00,000 | **ਫ਼ੰਡ ਵਿਕਲਪ** : ਸਮਾਰਟ ਫ਼ੰਡਜ਼ ਵਿਕਲਪ<br>**ਫ਼ੰਡ** : 100% ਇਕਵਿਟੀ ਫ਼ੰਡ |


1. **ਪਰਿਪੱਕਤਾ ਲਾਭ (ਇਕ-ਮੁੱਠ ਰਕਮ)** : ਮਿਆਦ ਪੂਰੀ ਹੋਣ ਦੀ ਮਿਤੀ ਤੇ, ਫਰਜ਼ ਕੀਤੇ ਨਿਵੇਸ਼ ਦੇ ਮੁਨਾਫ਼ਿਆਂ ਦੇ ਆਧਾਰ ਤੇ ਰਾਮ ਦਾ ਪਰਿਪੱਕਤਾ ਲਾਭ ਹੇਠਾਂ ਦਿੱਤਾ ਹੈ :

**ਮਿਆਦ ਪੂਰੀ ਹੋਣ ਤੇ ਫ਼ੰਡ ਦਾ ਮੁੱਲ^^ ਇਹਨਾਂ ਫਰਜ਼ ਕੀਤੀਆਂ ਦਰਾਂ ਤੇ**
**@4% ₹ 24,66,399**
**@8% ₹ 38,47,928**




**ਸਾਲਾਨਾ ਪ੍ਰੀਮੀਅਮ : 1,00,000 ਰੁ: 20 ਸਾਲਾਂ ਲਈ**

**2. ਮੌਤ ਤੋਂ ਬਾਅਦ ਲਾਭ (ਇਕ-ਮੁੱਠ ਰਕਮ)** : 10ਵੇਂ ਪਾਲਸੀ ਸਾਲ ਦੇ ਅੰਤ ਤੇ ਬਦਕਿਸਮਤੀ ਨਾਲ ਰਾਮ ਦੀ ਮੌਤ ਹੋਣ ਦੇ ਮਾਮਲੇ ਵਿੱਚ, ਨਿਵੇਸ਼ ਦੇ ਫਰਜ਼ ਕੀਤੇ ਮੁਨਾਫ਼ਿਆਂ ਦੇ ਆਧਾਰ ਤੇ ਮੌਤ ਤੋਂ ਬਾਅਦ ਲਾਭ ਹੇਠਾਂ ਦਿੱਤੀ ਸੂਚੀ ਅਨੁਸਾਰ ਹਨ :




*^^ਫ਼ੰਡ ਦੇ ਮੁੱਲ ਦੇ ਅੰਕੜੇ ਉਦਾਹਰਣ ਲਈ ਅਤੇ ਇੱਕ ਸਿਹਤਮੰਦ ਬੀਮੇ ਵਾਲੇ ਵਿਅਕਤੀ ਲਈ ਹਨ। ਕਿਰਪਾ ਕਰਕੇ ਨੋਟ ਕਰੋ ਕਿ ਉੱਪਰ ਦਿੱਤੀਆਂ @4% ਅਤੇ @8% ਸਾਲਾਨਾ ਦੀਆਂ ਕ੍ਰਮਵਾਰ ਫਰਜ਼ ਕੀਤੀਆਂ ਮੁਨਾਫ਼ੇ ਦੀਆਂ ਦਰਾਂ, ਲਾਗੂ ਸਾਰੇ ਖ਼ਰਚਿਆਂ ਤੇ ਵਿਚਾਰ ਕਰਨ ਤੋਂ ਬਾਅਦ ਇਹਨਾਂ ਦਰਾਂ ਤੇ ਕੇਵਲ ਉਦਾਹਰਣ ਲਈ ਹਨ। ਇਹ ਗਾਰੰਟੀਸ਼ੁਦਾ ਨਹੀਂ ਹਨ ਅਤੇ ਇਹ ਮੁਨਾਫ਼ਿਆਂ ਦੀਆਂ ਉੱਪਰਲੀਆਂ ਜਾਂ ਹੇਠਲੀਆਂ ਸੀਮਾਵਾਂ ਨਹੀਂ ਹਨ। ਯੂਨਿਟ ਲਿੰਕਡ ਜੀਵਨ ਬੀਮਾ ਪਾਲਸੀਆਂ ਬਾਜ਼ਾਰ ਦੇ ਜੋਖਮਾਂ ਅਧੀਨ ਹਨ। ਇਸ ਪਾਲਸੀ ਅਧੀਨ ਮੁਹੱਈਆ ਵੱਖ-ਵੱਖ ਫ਼ੰਡ, ਕੇਵਲ ਫ਼ੰਡਾਂ ਦੇ ਨਾਂ ਹਨ ਅਤੇ ਇਹ ਕਿਸੇ ਵੀ ਢੰਗ ਨਾਲ ਪਲਾਨਾਂ ਦੇ ਮਿਆਰ, ਉਨ੍ਹਾਂ ਦੀਆਂ ਭਵਿੱਖ ਦੀਆਂ ਸੰਭਾਵਨਾਵਾਂ ਜਾਂ ਮੁਨਾਫ਼ਿਆਂ ਦਾ ਸੰਕੇਤ ਨਹੀਂ ਦਿੰਦੇ। ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਖ਼ਾਸ ਆਪਣੀ ਪਾਲਸੀ ਦੇ ਫ਼ਾਇਦਿਆਂ ਦੀਆਂ ਉਦਾਹਰਣਾਂ ਲਈ ਬੇਨਤੀ ਕਰੋ।*

## ਪਲਾਨ ਦੇ ਵੇਰਵੇ

| | | | |
|---|---|---|---|
| **ਦਾਖ਼ਲੇ ਵੇਲੇ ਉਮਰ*** | **ਘੱਟੋ-ਘੱਟ** : 18 ਸਾਲ | **ਵੱਧ ਤੋਂ ਵੱਧ** : 45 ਸਾਲ | |
| **ਮਿਆਦ ਪੂਰੀ ਹੋਣ ਵੇਲੇ ਵੱਧ ਤੋਂ ਵੱਧ ਉਮਰ*** | 65 ਸਾਲ | | |
| **ਪ੍ਰੀਮੀਅਮ ਦੀ ਰਕਮ** (₹100 ਦੇ ਗੁਣਜਾਂ ਵਿੱਚ) | **ਪ੍ਰੀਮੀਅਮ ਭਰਨ ਦੇ ਵਕਫ਼ੇ** | **ਘੱਟੋ-ਘੱਟ** | **ਵੱਧ ਤੋਂ ਵੱਧ** |
| | ਸਾਲਾਨਾ | ₹15,000 | ਕੋਈ ਸੀਮਾ ਨਹੀਂ, ਬੋਰਡ ਦੁਆਰਾ ਮਨਜ਼ੂਰ ਕੀਤੀ ਅੰਡਰਰਾਈਟਿੰਗ ਪਾਲਸੀ ਦੇ ਅਨੁਸਾਰ |
| | ਛਿਮਾਹੀ | ₹9,500 | |
| | ਤਿਮਾਹੀ | ₹5,500 | |
| | ਮਾਸਿਕ## | ₹2,000 | |
| **ਪਾਲਸੀ ਦੀ ਮਿਆਦ** | 10 ਸਾਲ ਤੋਂ 30 ਸਾਲ (ਦੋਵਾਂ ਸਮੇਤ) | | |
| **ਪ੍ਰੀਮੀਅਮ ਭਰਨ ਦੀ ਮਿਆਦ** | ਪਾਲਸੀ ਦੀ ਮਿਆਦ ਜਿੰਨੀ ਹੀ | | |
| **ਪ੍ਰੀਮੀਅਮ ਭਰਨ ਦੇ ਵਕਫ਼ੇ** | ਸਾਲਾਨਾ/ਛਿਮਾਹੀ/ਤਿਮਾਹੀ/ਮਾਸਿਕ## | | |
| **ਮੂਲ ਬੀਮੇ ਦੀ ਰਕਮ** | ਸਾਲ ਦਾ ਪ੍ਰੀਮੀਅਮ^ x 10<br>ਮੂਲ ਬੀਮੇ ਦੀ ਵੱਧ ਤੋਂ ਵੱਧ ਰਕਮ ਬੋਰਡ ਦੁਆਰਾ ਮਨਜ਼ੂਰ ਕੀਤੀ ਅੰਡਰਰਾਈਟਿੰਗ ਪਾਲਸੀ ਅਨੁਸਾਰ ਹੋਵੇਗੀ। | | |
| | ਇਕਸਾਰ ਅਤੇ ਵਧਦੀ ਹੋਈ ਬੀਮਾ ਸੁਰੱਖਿਆ ਦਾ ਵਿਕਲਪਾਂ ਲਈ, ਕਿਸੇ ਵੀ ਵੇਲੇ ਬੀਮੇ ਦੀ ਰਕਮ ₹50,00,000 ਤੋਂ ਵੱਧ ਨਹੀਂ ਹੋਵੇਗੀ। | | |
| **ਇਨ-ਬਿਲਟ ਐਕਸੇਲਰੇਟੇਡ ਟੀਪੀਡੀ ਬੈਨੀਫ਼ਿਟ** | ਦੁਰਘਟਨਾ ਜਾਂ ਬਿਮਾਰੀ ਕਾਰਨ ਮੁਕੰਮਲ ਸਥਾਈ ਅਪਾਹਜ ਹੋਣ ਦੇ ਮਾਮਲੇ ਵਿੱਚ, ਮੌਤ ਬਾਅਦ ਮਿਲਣ ਵਾਲੇ ਲਾਭ ਦਾ 100% ਤੁਰੰਤ ਦਿੱਤਾ ਜਾਵੇਗਾ ਅਤੇ ਉਸ ਤੋਂ ਬਾਅਦ ਪਾਲਸੀ ਖ਼ਤਮ ਕਰ ਦਿੱਤੀ ਜਾਵੇਗੀ। | | |

**ਹਰ ਥਾਂ ਉਮਰ ਦਾ ਮਤਲਬ ਹੈ ਪਿਛਲੇ ਜਨਮ-ਦਿਨ ਵੇਲੇ ਉਮਰ।*

*##ਮਾਸਿਕ ਵਕਫ਼ੇ ਲਈ, 3 ਮਹੀਨਿਆਂ ਤਕ ਦਾ ਪ੍ਰੀਮੀਅਮ ਅਗਾਊਂ ਦੇਣਾ ਹੋਵੇਗਾ ਅਤੇ ਅਗਲੇ ਪ੍ਰੀਮੀਅਮ ਦੀ ਅਦਾਇਗੀ ਕੇਵਲ ਇਲੈਕਟ੍ਰੌਨਿਕ ਕਲੀਅਰਿੰਗ ਸਿਸਟਮ (ECS), ਕ੍ਰੈਡਿਟ ਕਾਰਡ, ਡਾਇਰੈਕਟ ਡੈਬਿਟ ਅਤੇ SI-EFT ਰਾਹੀਂ ਹੀ ਕੀਤੀ ਜਾ ਸਕੇਗੀ।*

*^ਜਿੱਥੇ ਵਾਰਸ਼ੀਕ੍ਰਿਤ ਜਾਂ ਸਾਲ ਦੇ ਪ੍ਰੀਮੀਅਮ ਦਾ ਮਤਲਬ ਹੈ ਇਕ ਸਾਲ ਵਿੱਚ ਲਾਗੂ ਕਰ ਛੱਡ ਕੇ ਭਰੀ ਜਾਣ ਵਾਲ਼ੀ ਪ੍ਰੀਮੀਅਮ ਦੀ ਰਕਮ।*

*ਵੱਖ-ਵੱਖ ਖ਼ਰਚੇ, ਜਿਵੇਂ 'ਪ੍ਰੀਮੀਅਮ ਦੇ ਵੰਡਾਰੇ ਦੇ ਖ਼ਰਚੇ', 'ਫ਼ੰਡ ਦੇ ਪ੍ਰਬੰਧ ਦੇ ਖ਼ਰਚੇ' ਆਦਿ ਕੱਟੇ ਜਾਂਦੇ ਹਨ। ਖ਼ਰਚਿਆਂ ਦੀ ਪੂਰੀ ਸੂਚੀ ਅਤੇ ਉਹਨਾਂ ਦੀ ਕਾਰਜ-ਵਿਧੀ ਲਈ, ਕਿਰਪਾ ਕਰਕੇ ਵਿੱਕਰੀ ਪਰਚਾ ਵੇਖੋ।*

## ਛੋਟਾਂ ਦੀ ਮਨਾਹੀ

**ਸਮੇਂ-ਸਮੇਂ ਤੇ ਸੋਧੀ ਬੀਮਾ ਕਾਨੂੰਨ, 1938 ਦੀ ਧਾਰਾ 41 ਕਹਿੰਦੀ ਹੈ** :

ੳ) ਕੋਈ ਵੀ ਵਿਅਕਤੀ, ਕਿਸੇ ਵੀ ਵਿਅਕਤੀ ਨੂੰ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਭਾਰਤ ਵਿੱਚ ਜੀਵਨ ਜਾਂ ਜਾਇਦਾਦ ਸਬੰਧੀ ਕਿਸੇ ਵੀ ਤਰ੍ਹਾਂ ਦੇ ਜੋਖਮ ਦਾ ਬੀਮਾ ਕਰਵਾਉਣ ਜਾਂ ਨਵਿਆਉਣ ਜਾਂ ਜਾਰੀ ਰੱਖਣ ਲਈ ਕਿਸੇ ਤਰ੍ਹਾਂ ਦਾ ਲਾਲਚ ਨਹੀਂ ਦੇਵੇਗਾ ਜਾਂ ਪੇਸ਼ ਨਹੀਂ ਕਰੇਗਾ, ਭਾਵੇਂ ਇਹ ਮਿਲਣ ਵਾਲੇ ਕਮਿਸ਼ਨ ਦੇ ਪੂਰੇ ਜਾਂ ਇਕ ਹਿੱਸੇ ਉੱਤੇ ਛੂਟ ਦੇ ਰੂਪ ਵਿੱਚ ਹੋਵੇ ਜਾਂ ਪਾਲਸੀ ਉੱਤੇ ਵਿਖਾਏ ਗਏ ਪ੍ਰੀਮੀਅਮ ਉੱਤੇ ਛੂਟ ਦੇ ਰੂਪ ਵਿੱਚ ਹੋਵੇ ਅਤੇ ਨਾ ਹੀ ਕੋਈ ਵਿਅਕਤੀ ਪਾਲਸੀ ਲੈਣ ਜਾਂ ਨਵਿਆਉਣ ਜਾਂ ਜਾਰੀ ਰੱਖਣ ਲਈ, ਸਿਰਫ਼ ਉਸ ਛੂਟ ਨੂੰ ਛੱਡ ਕੇ ਕੋਈ ਹੋਰ ਛੋਟ ਸਵੀਕਾਰ ਕਰੇਗਾ, ਜੋ ਛਪੀ ਹੋਈ ਪ੍ਰਾਸਪੈਕਟਸ ਜਾਂ ਬੀਮਾਕਰਤਾ ਦੀ ਸੂਚੀ ਅਨੁਸਾਰ ਦਿੱਤੀ ਜਾ ਸਕਦੀ ਹੋਵੇ।

ਅ) ਅਜਿਹਾ ਕੋਈ ਵੀ ਵਿਅਕਤੀ ਜੋ ਇਸ ਧਾਰਾ ਦੀਆਂ ਸ਼ਰਤਾਂ ਉੱਤੇ ਅਮਲ ਕਰਨ ਵਿੱਚ ਅਣਗਹਿਲੀ ਕਰਦਾ ਹੈ, ਉਹ ਦੰਡ ਦਾ ਪਾਤਰ ਹੋਵੇਗਾ, ਜੋ ਦਸ ਲੱਖ ਰੁਪਏ ਤਕ ਹੋ ਸਕਦਾ ਹੈ।

**Toll-free No.:** 1800 267 9090 | SMS '**LIBERATE**' to 56161 | **Email:** info@sbilife.co.in | **Web:** www.sbilife.co.in
(Between 9.00 am & 9.00 pm)

ਐਸਬੀਆਈ ਲਾਈਫ਼ - ਸਮਾਰਟ ਪਾਵਰ ਇੰਸ਼ੋਰੈਂਸ ਇੱਕ ਵਿਅਕਤੀਗਤ, ਯੂਨਿਟ-ਲਿੰਕਡ, ਨੌਨ-ਪਾਰਟੀਸਿਪੇਟਿੰਗ ਲਾਈਫ਼ ਇੰਸ਼ੋਰੈਂਸ ਪ੍ਰੋਡਕਟ ਹੈ।

**ਨਕਲੀ ਫੋਨ ਕਾਲਾਂ ਅਤੇ ਕਾਲਪਨਿਕ ਅਤੇ ਧੋਖਾਧੜੀ ਵਾਲੀਆਂ ਪੇਸ਼ਕਸ਼ਾਂ ਤੋਂ ਸਾਵਧਾਨ ਰਹੋ :**
IRDAI ਬੀਮਾ ਪਾਲਸੀਆਂ ਦੀ ਵਿੱਕਰੀ, ਬੋਨਸ ਦੀ ਘੋਸ਼ਣਾ ਜਾਂ ਪ੍ਰੀਮਿਅਮਾਂ ਦੇ ਨਿਵੇਸ਼ ਵਰਗੀਆਂ ਗਤੀਵਿਧੀਆਂ ਵਿੱਚ ਸ਼ਾਮਿਲ ਨਹੀਂ ਹੈ। ਅਜਿਹੀਆਂ ਕਾਲਾਂ ਪ੍ਰਾਪਤ ਕਰਨ ਵਾਲੀ ਜਨਤਾ ਨੂੰ ਪੁਲਿਸ ਕੋਲ ਸ਼ਿਕਾਇਤ ਦਰਜ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ।

ਯੂਨਿਟ ਲਿੰਕਡ ਜੀਵਨ ਬੀਮਾ ਪਾਲਸੀਆਂ ਰਵਾਇਤੀ ਬੀਮਾ ਪਾਲਸੀਆਂ ਨਾਲੋਂ ਵੱਖਰੀਆਂ ਅਤੇ ਬਾਜ਼ਾਰ ਜੋਖਮ ਤੱਤਾਂ ਅਧੀਨ ਹਨ। ਯੂਨਿਟ ਲਿੰਕਡ ਬੀਮਾ ਪਾਲਸੀਆਂ ਵਿੱਚ ਭਰੇ ਪ੍ਰੀਮੀਅਮ, ਪੂੰਜੀ ਬਾਜ਼ਾਰ ਨਾਲ ਜੁੜੇ ਨਿਵੇਸ਼ ਜੋਖਮਾਂ ਅਧੀਨ ਹੁੰਦੇ ਹਨ ਅਤੇ ਯੂਨਿਟਾਂ ਦੇ ਐੱਨਏਵੀ ਫ਼ੰਡ ਦੀ ਕਾਰਗੁਜ਼ਾਰੀ ਅਤੇ ਪੂੰਜੀ ਬਾਜ਼ਾਰ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਅਨੁਸਾਰ ਵੱਧ ਜਾਂ ਘੱਟ ਹੋ ਸਕਦੇ ਹਨ ਅਤੇ ਪਾਲਸੀਧਾਰਕ/ਬੀਮੇ ਵਾਲਾ ਵਿਅਕਤੀ ਆਪਣੇ ਫ਼ੈਸਲਿਆਂ ਲਈ ਆਪ ਜ਼ਿੰਮੇਵਾਰ ਹੈ। ਐਸਬੀਆਈ ਲਾਈਫ਼ ਇੰਸ਼ੋਰੈਂਸ ਕੰਪਨੀ ਲਿਮਿਟੇਡ, ਕੇਵਲ ਬੀਮਾ ਕੰਪਨੀ ਦਾ ਨਾਂ ਹੈ ਅਤੇ ਐਸਬੀਆਈ ਲਾਈਫ਼ - ਸਮਾਰਟ ਪਾਵਰ ਇੰਸ਼ੋਰੈਂਸ ਕੇਵਲ ਯੂਨਿਟ ਲਿੰਕਡ ਜੀਵਨ ਬੀਮਾ ਪਾਲਸੀਆਂ ਦੇ ਨਾਂ ਹਨ ਅਤੇ ਇਹ ਕਿਸੇ ਵੀ ਤਰ੍ਹਾਂ ਪਾਲਸੀਆਂ ਦੇ ਮਿਆਰ, ਇਸ ਦੀਆਂ ਭਵਿੱਖ ਦੀਆਂ ਸੰਭਾਵਨਾਵਾਂ ਜਾਂ ਮੁਨਾਫ਼ਿਆਂ ਦਾ ਸੰਕੇਤ ਨਹੀਂ ਦਿੰਦੇ। ਕਿਰਪਾ ਕਰਕੇ ਸਬੰਧਿਤ ਜੋਖਮ ਅਤੇ ਲਾਗੂ ਖ਼ਰਚੇ ਆਪਣੇ ਬੀਮਾ ਏਜੰਟ ਜਾਂ ਸਾਲਸ ਜਾਂ ਬੀਮਾ ਕੰਪਨੀ ਦੁਆਰਾ ਜਾਰੀ ਕੀਤੇ ਗਏ ਦਸਤਾਵੇਜ਼ ਤੋਂ ਪਤਾ ਕਰੋ। ਇਸ ਇਕਰਾਰਨਾਮੇ ਅਧੀਨ ਮੁਹੱਈਆ ਵੱਖ-ਵੱਖ ਫ਼ੰਡ, ਕੇਵਲ ਫ਼ੰਡਾਂ ਦੇ ਨਾਂ ਹਨ ਅਤੇ ਇਹ ਕਿਸੇ ਵੀ ਢੰਗ ਨਾਲ ਪਲਾਨਾਂ ਦੇ ਮਿਆਰ, ਉਨ੍ਹਾਂ ਦੀਆਂ ਭਵਿੱਖ ਦੀਆਂ ਸੰਭਾਵਨਾਵਾਂ ਅਤੇ ਮੁਨਾਫ਼ਿਆਂ ਦਾ ਸੰਕੇਤ ਨਹੀਂ ਦਿੰਦੇ। ਫ਼ੰਡ ਦੇ ਵਿਕਲਪਾਂ ਦੀ ਪਿਛਲੀ ਕਾਰਗੁਜ਼ਾਰੀ ਭਵਿੱਖ ਦੀ ਕਾਰਗੁਜ਼ਾਰੀ ਦੀ ਸੂਚਕ ਨਹੀਂ ਹੈ। ਇਸ ਪਾਲਸੀ ਦੇ ਅਧੀਨ ਅਦਾਯੋਗ ਸਾਰੇ ਲਾਭ ਕਰ ਕਾਨੂੰਨਾਂ ਅਤੇ ਸਮੇਂ-ਸਮੇਂ ਤੇ ਲਾਗੂ ਦੂਜੇ ਆਰਥਿਕ ਕਾਨੂੰਨਾਂ ਦੇ ਅਧੀਨ ਹਨ। ਵੇਰਵਿਆਂ ਲਈ ਕਿਰਪਾ ਕਰਕੇ ਆਪਣੇ ਕਰ ਸਲਾਹਕਾਰ ਦੀ ਸਲਾਹ ਲਓ। ਜੋਖਮ ਤੱਤਾਂ, ਨਿਯਮਾਂ ਅਤੇ ਸ਼ਰਤਾਂ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਵਿਕਰੀ ਪੂਰੀ ਹੋਣ ਤੋਂ ਪਹਿਲਾਂ ਸੇਲਜ਼ ਬ੍ਰੋਸ਼ਰ ਧਿਆਨ ਨਾਲ ਪੜ੍ਹੋ। ਉੱਪਰ ਵਿਖਾਇਆ ਗਿਆ ਟਰੇਡ ਲੋਗੋ ਭਾਰਤੀ ਸਟੇਟ ਬੈਂਕ ਦੀ ਸੰਪੱਤੀ ਹੈ ਅਤੇ ਐਸਬੀਆਈ ਲਾਈਫ਼ ਦੁਆਰਾ ਲਾਈਸੈਂਸ ਅਧੀਨ ਵਰਤਿਆ ਗਿਆ ਹੈ। ਐਸਬੀਆਈ ਲਾਈਫ਼ ਇੰਸ਼ੋਰੈਂਸ ਕੰਪਨੀ ਲਿਮਿਟੇਡ, ਰਜਿਸਟਰਡ ਅਤੇ ਕਾਰਪੋਰੇਟ ਦਫ਼ਤਰ : ਨਟਰਾਜ, ਐਮ. ਵੀ. ਰੋਡ ਅਤੇ ਵੈਸਟਰਨ ਐਕਸਪ੍ਰੈਸ ਹਾਈਵੇ ਜੰਕਸ਼ਨ, ਅੰਧੇਰੀ (ਪੂਰਬ), ਮੁੰਬਈ- 400069. **IRDAI ਰਜਿਸਟ੍ਰੇਸ਼ਨ ਨੰਬਰ 111** | CIN : L99999MH2000PLC129113.

NW/1C/ver1/02/22/SP/PUN